# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਛੇਵਾਂ (ਬਜਟ) ਸਮਾਗਮ

-----------

## ਕਾਰਜ ਸੂਚੀ

06 ਮਾਰਚ, 2024

10:00 ਵਜੇ ਸਵੇਰੇ

**1.** ਪ੍ਰਸ਼ਨ

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

**2.** ਧਿਆਨ ਦਿਵਾਊ ਨੋਟਿਸ

(1) ਸਰਦਾਰ ਕਰਮਬੀਰ ਸਿੰਘ ਘੁੰਮਣ, ਐਮ.ਐਲ.ਏ.:- ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਦਾ ਧਿਆਨ ਬਲਾਕ ਤਲਵਾੜਾ ਤੋਂ ਬਲਾਚੌਰ ਦਰਮਿਆਨ ਵਗਦੀ ਦੁਬਾਰਾ ਨਵੀਂ ਬਣਾਈ ਗਈ ਕੰਡੀ ਕਨਾਲ ਦੇ ਟੁੱਟ ਚੁੱਕੇ ਕਿਨਾਰਿਆਂ ਵੱਲ ਦਿਵਾਉਣਗੇ।

(ਨੰ. 20)

**3.** ਰਿਪੋਰਟਾਂ ਪੇਸ਼ ਕਰਨੀਆਂ

(1) ਸਭਾਪਤੀ, ਲੋਕ ਲੇਖਾ ਕਮੇਟੀ ਸਾਲ 2015-16 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 216ਵੀਂ ਰਿਪੋਰਟ ਅਤੇ ਸਾਲ 2015-16 ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨਾਲ ਸਬੰਧਤ ਭਾਰਤ ਸਰਕਾਰ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਪੇਸ਼ ਕਰਨਗੇ।

(2) ਸਭਾਪਤੀ, ਅਨੁਮਾਨ ਕਮੇਟੀ ਸਾਲ 2023-24 ਲਈ ਕਿਰਤ ਵਿਭਾਗ, ਪੰਜਾਬ ਨਾਲ ਸਬੰਧਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

(3) ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ ਪੇਸ਼ ਕਰਨਗੇ-

(i) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਨਾਲ ਸਬੰਧਤ ਸਾਲ 2016-17 ਲਈ ਸਰਕਾਰੀ ਖੇਤਰ ਦੇ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 122ਵੀਂ ਰਿਪੋਰਟ ।

(ii) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਦੀ ਆਮ ਕੰਮ ਕਾਰ ਤੇ 123ਵੀਂ ਰਿਪੋਰਟ ।

(4) ਸਭਾਪਤੀ, ਸਰਕਾਰੀ ਆਸ਼ਵਾਸ਼ਨਾਂ ਸਬੰਧੀ ਕਮੇਟੀ ਦੀ 52ਵੀਂ ਰਿਪੋਰਟ ਪੇਸ਼ ਕਰਨਗੇ ।

(5) ਸਭਾਪਤੀ, ਅਧੀਨ ਵਿਧਾਨ ਕਮੇਟੀ ਦੀ 45ਵੀਂ ਰਿਪੋਰਟ ਪੇਸ਼ ਕਰਨਗੇ ।

(6) ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕਰਨਗੇ ।

(7) ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 48ਵੀਂ ਰਿਪੋਰਟ ਪੇਸ਼ ਕਰਨਗੇ ।

(8) ਸਭਾਪਤੀ, ਕੁਐਸ਼ਚਨਜ਼ ਐਂਡ ਰੈਫਰੈਂਸਿਜ ਕਮੇਟੀ ਦੀ 16ਵੀਂ ਰਿਪੋਰਟ ਪੇਸ਼ ਕਰਨਗੇ ।

(9) ਸਭਾਪਤੀ, ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਪੰਜਾਬ ਵਿੱਚ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਰੰਟੀ ਸਕੀਮ ਲਾਗੂ ਕਰਨ ਨਾਲ ਸਬੰਧਤ ਪਰਫੌਰਮੈਂਸ ਆਡਿਟ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਤੇ ਪੰਚਾਇਤੀ ਰਾਜ ਇਕਾਈਆਂ ਤੇ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ ।

4. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

(1) ਇੱਕ ਮੰਤਰੀ ਸਾਲ 2022-23 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 40ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) (ਅ) ਅਧੀਨ ਲੋੜੀਂਦਾ ਹੈ ।

(2) ਇੱਕ ਮੰਤਰੀ ਸਾਲ 2021 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਸੂਚਨਾ ਦੇ ਅਧਿਕਾਰ ਐਕਟ, 2005 ਦੀ ਧਾਰਾ 25 ਅਧੀਨ ਲੋੜੀਂਦਾ ਹੈ ।

(3) ਇੱਕ ਮੰਤਰੀ ਸਾਲ 2020-21 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

(4)
ਇੱਕ ਮੰਤਰੀ ਸਾਲ 2021-22 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੌਮੀ ਖੁਰਾਕ ਸੁਰੱਖਿਆ ਐਕਟ, 2013 ਦੀ ਧਾਰਾ 16 (6) (ਕ) ਅਧੀਨ ਲੋੜੀਂਦਾ ਹੈ।

(5)
ਇੱਕ ਮੰਤਰੀ ਸਾਲ 2021-22 ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 56ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀ ਐਕਟ, 2013 ਦੀ ਧਾਰਾ 394(1) ਅਧੀਨ ਲੋੜੀਂਦਾ ਹੈ।

(6)
ਇੱਕ ਮੰਤਰੀ ਸਾਲ 2020-21 ਲਈ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 19ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀ ਐਕਟ, 2013 ਦੀ ਧਾਰਾ 394(1) ਅਧੀਨ ਲੋੜੀਂਦਾ ਹੈ।

5.
<u>ਸਰਕਾਰੀ ਮਤਾ</u>

(1)
ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਪੇਸ਼ ਕਰਨਗੇ ਕਿ-

"ਜਦੋਂਕਿ, ਪੰਜਾਬ ਵਿਧਾਨ ਸਭਾ ਦਾ ਇਹ ਮੰਨਣਾ ਹੈ ਕਿ ਰਾਜਾਂ ਦੇ ਜਨਤਕ ਕਰਜ਼ਿਆਂ ਦੇ ਨਿਯੰਤ੍ਰਣ ਲਈ ਅਤੇ ਇਸ ਨਾਲ ਜੁੜੇ ਸਾਰੇ ਮਾਮਲਿਆਂ ਲਈ ਜਾਂ ਇਸ ਨਾਲ ਜੁੜੇ ਸਹਾਇਕ ਅਤੇ ਇਤਫਾਕੀਆ ਮਾਮਲਿਆਂ ਲਈ ਪੂਰੇ ਭਾਰਤ ਵਿੱਚ ਇੱਕ ਸਮਾਨ ਕਾਨੂੰਨ ਹੋਣ ਚਾਹੀਦਾ ਹੈ;

ਅਤੇ ਜਦੋਂਕਿ, 2006 ਵਿੱਚ, ਭਾਰਤ ਸਰਕਾਰ ਨੇ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਨੂੰ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਰਕਾਰੀ ਸਕਿਓਰਿਟੀਜ਼ ਅਤੇ ਇਸ ਦੇ ਪ੍ਰਬੰਧਨ ਨਾਲ ਸਬੰਧਤ ਕਾਨੂੰਨ ਨੂੰ ਇੱਕ ਸਾਰ ਅਤੇ ਸੋਧਣ ਦੇ ਉਦੇਸ਼ ਨਾਲ ਲਾਗੂ ਕੀਤਾ ਸੀ। ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 1 ਦੀ ਉਪ ਧਾਰਾ (2) ਅਨੁਸਾਰ ਇਹ ਕੇਂਦਰ ਸਰਕਾਰ ਜਾ  ਰਾਜ ਸਰਕਾਰ ਦੁਆਰਾ ਭਾਵੇਂ ਇਸ ਐਕਟ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ, ਬਣਾਈਆਂ ਗਈਆਂ ਅਤੇ ਜਾਰੀ ਕੀਤੀਆਂ ਸਰਕਾਰੀ ਸਕਿਓਰਿਟੀਜ਼ ਤੇ ਲਾਗੂ ਹੁੰਦਾ ਹੈ। ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 31 ਦੀ ਉਪ ਧਾਰਾ (1) ਇਹ ਉਪਬੰਧ ਕਰਦੀ ਹੈ ਕਿ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਉਨ੍ਹਾਂ ਸਰਕਾਰੀ ਸਕਿਓਰਿਟੀਜ਼ ਤੇ ਅਤੇ ਉਹਨਾਂ ਸਾਰੇ ਮਾਮਲਿਆਂ ਤੇ ਜਿਨ੍ਹਾਂ ਲਈ ਇਸ ਐਕਟ ਰਾਹੀਂ ਉਪਬੰਧ ਕੀਤੇ ਗਏ ਹਨ, ਲਾਗੂ ਹੋਣਾ ਬੰਦ ਹੋ ਜਾਵੇਗਾ ਜਿਨ੍ਹਾਂ ਤੇ ਇਹ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਲਾਗੂ ਹੁੰਦਾ ਹੈ, ਹਾਲਾਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਲਾਗੂ ਰਿਹਾ;

ਅਤੇ ਜਦੋਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਦੇ ਮਾਮਲੇ ਦੀ ਜਾਂਚ ਭਾਰਤੀ ਰਿਜ਼ਰਵ ਬੈਂਕ ਨਾਲ ਸਲਾਹ-ਮਸ਼ਵਰਾ ਕਰਕੇ ਕੀਤੀ ਗਈ ਹੈ ਅਤੇ ਇਹ ਦੇਖਣ ਵਿੱਚ ਆਇਆ ਹੈ ਕਿ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੀਆਂ ਗਈਆਂ ਕੁਝ ਸਕਿਓਰਿਟੀਜ਼/ਆਈਟਮਜ਼ ਅਜੇ ਵੀ ਭਾਰਤੀ ਰਿਜ਼ਰਵ ਬੈਂਕ ਦੇ ਵਹੀ-ਖਾਤਿਆਂ ਵਿੱਚ ਬਕਾਇਆ ਹਨ। ਇਸ ਲਈ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਲਈ, ਸਰਕਾਰੀ ਸਕਿਓਰਿਟੀਜ਼ (ਸੋਧ) ਬਿੱਲ ਲਿਆਉਂਦੇ ਹੋਏ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਦੇ ਅਜਿਹੇ ਉਪਬੰਧਾਂ ਨੂੰ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਅਧੀਨ ਸ਼ਾਮਲ ਕਰਕੇ ਪ੍ਰਭਾਵੀ ਬਣਾਇਆ ਜਾ ਸਕਦਾ ਹੈ। ਇਸ ਅਨੁਸਾਰ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚ ਹੇਠ ਲਿਖੀਆਂ ਵੱਡੀਆਂ ਸੋਧਾਂ ਨੂੰ ਸ਼ਾਮਲ ਕਰਦੇ ਹੋਏ ਸਰਕਾਰੀ ਸਕਿਓਰਿਟਜ਼ (ਸੋਧ) ਬਿੱਲ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਆਰਥਿਕ ਮਾਮਲੇ, ਵਿਭਾਗ ਵਿੱਚ ਵਿਚਾਰ ਅਧੀਨ ਹੈ,-

(i) ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚੋਂ ਜੰਮੂ ਅਤੇ ਕਸ਼ਮੀਰ ਰਾਜ ਦੇ ਹਵਾਲੇ ਨੂੰ ਹਟਾਉਣ ਲਈ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ

ਕੇਂਦਰੀ ਐਕਟ 38) ਦੀ ਧਾਰਾ 1 ਵਿੱਚ ਸੋਧ ਕਰਨਾ, ਜਿੱਥੇ ਕਿਤੇ ਵੀ ਇਹ ਪੂਰਵਲੇ ਰਾਜ ਦੀ ਮੌਜੂਦਾ ਸਥਿਤੀ ਨੂੰ ਦਰਸਾਉਂਦਾ ਹੈ, ਜਿਹੜਾ ਕਿ ਜੰਮੂ ਕਸ਼ਮੀਰ ਪੁਨਰਗਠਨ ਐਕਟ, 2019 ( 2019 ਦਾ ਕੇਂਦਰੀ ਐਕਟ 34) ਦੇ ਤਹਿਤ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਪੁਨਰਗਠਿਤ ਕੀਤਾ ਗਿਆ ਹੈ;

(ii) ਧਾਰਾ 2 ਵਿੱਚ ਦਿੱਤੇ ਅਨੁਸਾਰ ਸਰਕਾਰੀ ਸੁਰੱਖਿਆ ਦੀ ਪਰਿਭਾਸ਼ਾ ਨੂੰ ਸੋਧਣਾ ਅਤੇ ਨਾਲ ਹੀ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 5 ਵਿੱਚ ਸੋਧ ਕਰਨ ਲਈ ਜਨਤਕ ਕਰਜ਼ਾ, ਐਕਟ 1944 (1944 ਦਾ ਕੇਂਦਰੀ ਐਕਟ 18) ਦੇ ਅਧੀਨ ਜਾਰੀ ਵਿਸ਼ੇਸ਼ ਸਕਿਓਰਿਟੀਜ਼ ਦੀਆਂ ਵਿਸ਼ੇਸ਼ਤਾਵਾਂ, ਖਾਸ ਤੌਰ ਤੇ, ਉਹਨਾਂ ਦੀ ਗੈਰ-ਤਬਾਦਲਾ ਯੋਗਤਾ ਨੂੰ ਬਚਾਉਣ ਲਈ, ਨੂੰ ਸ਼ਾਮਲ ਕਰਨਾ; ਅਤੇ

(iii) ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਲਈ ਉਪਬੰਧ ਕਰਨ ਅਤੇ ਇਸ ਦੇ ਨਾਲ ਹੀ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਅਧੀਨ ਕੁਝ ਕਾਰਵਾਈਆਂ/ਬਕਾਇਆ ਮੱਦਾਂ ਦੇ ਬਚਾਓ ਲਈ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਲਈ ਧਾਰਾਵਾਂ 31 ਅਤੇ 35 ਵਿੱਚ ਸੋਧ ਕਰਨਾ;

ਅਤੇ ਜਦੋਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਦਾ ਵਿਸ਼ਾ ਵਸਤੂ ਵੀ ਰਾਜ ਸੂਚੀ ਵਿੱਚ ਐਂਟਰੀ ਨਾਲ ਸਬੰਧਤ ਹੈ, ਇਹ ਮਤਾ ਪੇਸ਼ ਕੀਤਾ ਜਾਂਦਾ ਹੈ ਕਿ ਸੰਵਿਧਾਨ ਦੇ ਅਨੁਛੇਟ 252 ਦੇ ਉਪਬੰਧਾਂ ਦੇ ਅਨੁਸਾਰ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚ ਲੋੜੀਂਦੀ ਸੋਧ ਕੀਤੀ ਜਾ ਸਕਦੀ ਹੈ;

ਇਸ ਲਈ, ਹੁਣ ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ਼ (1) ਦੀ ਪਾਲਣਾ ਕਰਦੇ ਹੋਏ, ਇਹ ਸਦਨ ਮਤਾ ਪੇਸ਼ ਕਰਦਾ ਹੈ ਕਿ ਸੰਸਦ ਨੂੰ ਸਰਕਾਰੀ ਸਕਿਓਰਿਟੀਜ਼ ਅਤੇ ਇਸ ਨਾਲ ਜੁੜੇ ਹੋਰ ਸਾਰੇ ਮਾਮਲਿਆਂ ਜਾਂ ਸਹਾਇਕ ਜਾਂ ਇਤਫਾਕੀਆ ਤੌਰ ਤੇ ਸਬੰਧਤ ਮਾਮਲਿਆਂ ਨੂੰ ਕਾਨੂੰਨ ਦੇ ਰਾਹੀਂ ਨਿਯੰਤ੍ਰਿਤ ਕਰਨ ਦਾ ਅਧਿਕਾਰ ਦਿੱਤਾ ਜਾਵੇ।"

**6.** ਸਾਲ 2024-25 ਲਈ ਬਜਟ ਅਨੁਮਾਨ

(1)
ਸਾਲ 2024-25 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ

(ਸਮਾਪਤ ਕੀਤੀ ਜਾਵੇਗੀ)

**7.** ਵਿੱਤੀ ਕੰਮ-ਕਾਰ

(1)
ਸਾਲ 2024-25 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ

–

| | | | |
|---|---|---|---|
| ਮੰਗ ਨੰ.1 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 11911,98,57,000 ਰੁਪਏ ਅਤੇ ਪੂੰਜੀਗਤ ਲੇਖੇ ਤੇ 153,75,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਬਜਟ ਅਨੁਮਾਨ 2024-2025 ਪੰਨੇ 1-78 |
| ਮੰਗ ਨੰ.2 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 628,72,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,10,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 79-113 |

| | | | |
|---|---|---|---|
| | | | |
| ਮੰਗ ਨੰ.3 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 581,84,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 74,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 114-137 |
| ਮੰਗ ਨੰ.4 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 61,83,93,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 138-157 |
| ਮੰਗ ਨੰ.5 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 16502,59,75,000 ਰੁਪਏ ਅਤੇ ਪੂੰਜੀਗਤ ਲੇਖੇ ਤੇ 484,14,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 158-286 |
| ਮੰਗ ਨੰ.6 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 406,76,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,77,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 287-299 |
| ਮੰਗ ਨੰ.7 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 427,37,26,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 300-318 |
| ਮੰਗ ਨੰ.8 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 44169,30,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 69906,80,71,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 319-408 |
| ਮੰਗ ਨੰ.9 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 781,56,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 290,20,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 409-435 |
| ਮੰਗ ਨੰ.10 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 308,86,92,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 436-475 |
| ਮੰਗ ਨੰ.11 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 5050,08,93,000 ਰੁਪਏ ਅਤੇ ਪੂੰਜੀਗਤ ਲੇਖੇ ਤੇ 214,19,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 476-548 |
| ਮੰਗ ਨੰ.12 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 8810,75,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 136,86,84,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 549-619 |
| ਮੰਗ ਨੰ.13 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 3335,94,02,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 620-653 |
| ਮੰਗ ਨੰ.14 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ 446,16,71,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 654-668 |
| | | | ਪੰਨੇ |

| | | | |
|---|---|---|---|
| ਮੰਗ ਨੰ.15 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1245,14,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 862,30,08,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | 669-884 |
| ਮੰਗ ਨੰ.16 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 31,24,84,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ | ਪੰਨੇ 885-895 |
| ਮੰਗ ਨੰ.17 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 4091,62,40,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1169,27,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 896-923 |
| ਮੰਗ ਨੰ.18 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 39,64,62,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 924-933 |
| ਮੰਗ ਨੰ.19 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 57,36,40,000 ਰੁਪਏ ਅਤੇ ਪੂੰਜੀਗਤ ਲੇਖੇ ਤੇ 122,02,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 934-958 |
| ਮੰਗ ਨੰ.20 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 7808,95,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 129,41,60,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 959-974 |
| ਮੰਗ ਨੰ.21 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 677,43,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2017,34,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 975-1009 |
| ਮੰਗ ਨੰ.22 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1568,82,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1010-1057 |
| ਮੰਗ ਨੰ.23 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 3061,16,61,000 ਰੁਪਏ ਅਤੇ ਪੂੰਜੀਗਤ ਲੇਖੇ ਤੇ 93,02,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1058-1107 |
| ਮੰਗ ਨੰ.24 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 33,70,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,37,60,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1108-1126 |
| ਮੰਗ ਨੰ.25 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 7790,81,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 91,47,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1127-1188 |
| | | | ਪੰਨੇ |

| | | | |
|---|---|---|---|
| ਮੰਗ ਨੰ.26 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 62,90,31,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | 1189-1199 |
| ਮੰਗ ਨੰ.27 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 442,19,63,000 ਰੁਪਏ ਅਤੇ ਪੂੰਜੀਗਤ ਲੇਖੇ ਤੇ 82,93,89,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1200-1238 |
| ਮੰਗ ਨੰ.28 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 128,44,93,000 ਰੁਪਏ ਅਤੇ ਪੂੰਜੀਗਤ ਲੇਖੇ ਤੇ 38,05,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਯਾਤਰਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1239-1268 |
| ਮੰਗ ਨੰ.29 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 514,07,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 35,83,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1269-1308 |
| ਮੰਗ ਨੰ.30 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 78,40,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1309-1320 |
| ਮੰਗ ਨੰ.31 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ149,10,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 30,10,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1321-1341 |
| ਮੰਗ ਨੰ.32 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 262,99,60,000 **ਰੁਪਏ ਤੋਂ ਵੱਧ ਨਾ ਹੋਵੇ, ਸਾਲ** 2024-25 **ਲਈ** ਵਣ ਅਤੇ ਜੰਗਲਾਤ **ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।** | ਪੰਨੇ 1342-1356 |
| ਮੰਗ ਨੰ.33 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 35,32,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 14,33,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1357-1376 |
| ਮੰਗ ਨੰ.34 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ139,45,82,000 ਰੁਪਏ ਅਤੇ ਪੂੰਜੀਗਤ ਲੇਖੇ ਤੇ 29,25,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1377-1400 |
| ਮੰਗ ਨੰ.35 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1028,16,26,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1401-1417 |
| ਮੰਗ ਨੰ.36 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 311,23,47,000 ਰੁਪਏ ਅਤੇ ਪੂੰਜੀਗਤ ਲੇਖੇ ਤੇ 40,89,12,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1418-1431 |
| ਮੰਗ ਨੰ.37 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1334,83,23,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1432-1455 |
| ਮੰਗ ਨੰ.38 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 794,70,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 338,30,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1456-1490 |

| | | | |
|---|---|---|---|
| ਮੰਗ ਨੰ.39 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 34,39,47,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,56,22,000 **ਰੁਪਏ ਤੋਂ ਵੱਧ ਨਾ ਹੋਵੇ, ਸਾਲ** 2024-25 **ਲਈ** ਛਪਾਈ ਤੇ ਲਿਖਣ ਸਮੱਗਰੀ ਵਿਭਾਗ **ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।** | ਪੰਨੇ 1491-1502 |
| ਮੰਗ ਨੰ.40 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 267,38,27,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1503-1517 |
| ਮੰਗ ਨੰ.41 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1017,25,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 531,76,24,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2024-25 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ। | ਪੰਨੇ 1518-1552 |
| ਮੰਗ ਨੰ.42 | ਇਕ ਮੰਤਰੀ | ਪ੍ਰਸਤਾਵ ਕਰਨਗੇ ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 703,70,82,000 ਰੁਪਏ ਅਤੇ ਪੂੰਜੀਗਤ ਲੇਖੇ ਤੇ 801,52,40,000 **ਰੁਪਏ ਤੋਂ ਵੱਧ ਨਾ ਹੋਵੇ, ਸਾਲ** 2024-25 **ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।** | ਪੰਨੇ 1553-1594 |

**(2)** ਪੰਜਾਬ ਨਮਿੱਤਣ (ਨੰ.3) ਬਿਲ, 2024

ਇੱਕ ਮੰਤਰੀ ਪੰਜਾਬ ਨਮਿੱਤਣ (ਨੰ.3) ਬਿਲ, 2024 ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਪੰਜਾਬ ਨਮਿੱਤਣ(ਨੰ.3) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**

**ਚੰਡੀਗੜ੍ਹ -160001**
**ਮਿਤੀ:੦੫ ਮਾਰਚ ੨੦੨੪ ਮੰਗਲਵਾਰ**